# ਨਾਗਰਿਕ ਹੱਕਾਂ ਬਾਰੇ ਬਾਰ ਬਾਰ ਪੁੱਛੇ ਜਾਣ ਵਾਲੇ ਪ੍ਰਸ਼ਨ
# Frequently asked questions about civil rights

*ਇਹ ਜਾਣਕਾਰੀ ਇੰਗਲੈਂਡ ਅਤੇ ਵੇਅਲਜ਼ ਨੂੰ ਲਾਗੂ ਹੁੰਦੀ ਹੈ*

ਮੇਰੇ ਪਿਤਾ ਜੀ ਦਸ ਸਾਲਾਂ ਤੋਂ ਪਰਦੇਸ ਵਿਚ ਰਹਿ ਰਹੇ ਹਨ ਅਤੇ ਉਹਨਾਂ ਨੇ ਹੁਣੇ ਹੀ ਮੈਨੂੰ ਪੁੱਛਿਆ ਹੈ ਕਿ ਕੀ ਉਹ ਅਜੇ ਵੀ ਯੂ ਕੇ ਦੀਆਂ ਇਲੈਕਸ਼ਨਜ਼ ਵਿਚ ਵੋਟ ਦੇ ਸਕਦੇ ਹਨ ? 3

ਮੇਰੇ ਮਾਤਾ ਜੀ ਹਸਪਤਾਲ ਵਿੱਚ ਹਨ, ਉਹ ਚੋਣਾਂ ਦੇ ਵਕਤ ਉੱਥੇ ਹੀ ਰਹਿਣਗੇ। ਉਹਨਾਂ ਨੇ ਮੈਨੂੰ ਪੁੱਛਿਆ ਹੈ ਕਿ ਕੀ ਮੈਂ ਉਹਨਾਂ ਲਈ ਪ੍ਰੌਕਸੀ ਵੋਟ ਦਾ ਇੰਤਜ਼ਾਮ ਕਰ ਸਕਦਾ ਹਾਂ। 3

ਮੇਰੇ ਗੁਆਂਢੀ ਨੇ ਪੁਰਤਗਾਲ ਵਿੱਚ ਇੱਕ ਇਸਤਰੀ ਨਾਲ ਸੰਪਰਕ ਕੀਤਾ ਹੈ, ਜਿਸ ਨੂੰ ਕਿ ਉਹ ਛੁੱਟੀਆਂ ਵਿੱਚ ਮਿਲਿਆ ਸੀ ਅਤੇ ਉਹ ਯੂ ਕੇ ਵਿੱਚ ਇੱਕ ਓਅ ਪੇਅਰ (ਬੱਚੇ ਤੇ ਘਰ ਸੰਭਾਲਣ ਦੀ ਸਰਵਿਸ) ਬਣਕੇ ਆਉਣਾ ਚਾਹੁੰਦੀ ਹੈ। ਉਸ ਨੂੰ ਕਿਹਾ ਗਿਆ ਹੈ ਕਿ ਈ ਯੂ (ਯੂਰੋਪੀਅਨ ਯੂਨੀਅਨ) ਦੇ ਨਾਗਰਿਕਾਂ ਨੂੰ ਵਿਜ਼ੇ ਦੀ ਕੋਈ ਲੋੜ ਨਹੀਂ ਹੈ। ਕੀ ਪੁਰਤਗਾਲ ਈ ਯੂ (ਯੂਰੋਪੀਅਨ ਯੂਨੀਅਨ)
ਵਿੱਚ ਸ਼ਾਮਲ ਹੁੰਦਾ ਹੈ ? 4

ਮੇਰੀ ਸਥਾਨਕ ਕਾਉਂਸਲ ਨੇ ਮੇਰੇ ਹਾਊਜ਼ਿੰਗ ਬੈਨਿਫ਼ਿਟ ਕਲੇਮ ਨਾਲ ਕਿਸ ਤ੍ਰੀਕੇ ਨਾਲ ਨਿਪਟਿਆ ਹੈ ਮੈਂ ਇਸ ਬਾਰੇ ਕਿਸ ਤਰ੍ਹਾਂ ਸ਼ਿਕਾਇਤ ਕਰ ਸਕਦਾ ਹਾਂ ? - ਸਿਰਫ਼ ਇੰਗਲੈਂਡ ਵਾਲਿਆਂ ਲਈ 5

ਮੇਰੀ ਸਥਾਨਕ ਕਾਉਂਸਲ ਨੇ ਮੇਰੇ ਹਾਊਜ਼ਿੰਗ ਬੈਨਿਫ਼ਿਟ ਕਲੇਮ ਕਿਸ ਤ੍ਰੀਕੇ ਨਾਲ ਨਿਪਟਿਆ ਹੈ ਮੈਂ ਇਸ ਬਾਰੇ ਕਿਸ ਤਰ੍ਹਾਂ ਸ਼ਿਕਾਇਤ ਕਰ ਸਕਦਾ ਹਾਂ ? - ਸਿਰਫ਼ ਵੇਲਜ਼ ਵਾਲਿਆਂ ਲਈ 6

ਮੇਰੇ ਦਾਦੀ ਜੀ ਥੋੜੇ ਹੀ ਮਹੀਨਿਆਂ ਤੱਕ 100 ਸਾਲ ਦੇ ਹੋਣ ਵਾਲੇ ਹਨ ਅਤੇ ਮੈਂ ਨਿਸਚਿਤ ਕਰਨਾ ਚਾਹੁੰਦਾ ਹਾਂ ਕਿ ਉਹਨਾਂ ਨੂੰ ਕੁਈਨ (ਮਹਾਂਰਾਣੀ ਰਾਣੀ) ਵਲੋਂ ਇਸ ਬਾਰੇ ਸੁਨੇਹਾ ਜ਼ਰੂਰ ਮਿਲੇ। ਮੈਂ ਇਹ ਕਿਸ ਤਰ੍ਹਾਂ ਕਰ ਸਕਦਾ ਹਾਂ। 7

ਮੈਨੂੰ ਲੱਗਦਾ ਹੈ ਕਿ ਕੰਮ ਤੇ ਮੇਰੇ ਨਾਲ ਵਿਤਕਰਾ ਹੋ ਰਿਹਾ ਹੈ ਕਿਉਂਕਿ ਮੈਂ ਇੱਕ ਇਸਤਰੀ ਹਾਂ। ਮੈਂ ਇਸ ਬਾਰੇ ਕੀ ਕਰ ਸਕਦੀ ਹਾਂ ? 7

ਮੈਂ ਇੱਕ ਵ੍ਹੀਲਚੇਅਰ (ਪਹੀਆਂ ਵਾਲੀ ਕੁਰਸੀ) ਵਰਤਣ ਵਾਲਾ ਵਿਅਕਤੀ ਹਾਂ ਅਤੇ ਮੇਰੀ ਸਥਾਨਕ ਲਾਇਬ੍ਰੇਰੀ ਮੈਨੂੰ ਸ਼ੈਲਫਾਂ ਤੋਂ ਕਿਤਾਬਾਂ ਲੈਣ ਵਿਚ ਬਿਲਕੁਲ ਮੱਦਦਗਾਰ ਨਹੀਂ ਹੈ। ਕੀ ਮੈਂ ਇਸ ਬਾਰੇ ਕੁਝ ਕਰ ਸਕਦਾ ਹਾਂ ? 8

ਮੈਨੂੰ ਲੱਗਦਾ ਹੈ ਕਿ ਕੰਮ ਤੇ ਮੇਰੇ ਵਿਰੁੱਧ ਨਸਲੀ ਵਿਤਕਰਾ ਹੋ ਰਿਹਾ ਹੈ। ਮੈਂ ਇਸ ਬਾਰੇ ਕੀ ਕਰ ਸਕਦਾ ਹਾਂ ? 8

ਮੈਨੂੰ ਲੱਗਦਾ ਹੈ ਕਿ ਕੰਮ ਉੱਤੇ ਮੇਰੇ ਧਰਮ ਦੇ ਕਾਰਨ ਮੇਰੇ ਵਿਰੁੱਧ ਵਿਤਕਰਾ ਹੋ ਰਿਹਾ ਹੈ। ਕੀ ਇਹ ਕਾਨੂੰਨੀ ਹੈ ? 10

Copyright © 2002-2007 Citizens Advice All rights reserved
Registered charity no: 279057 Company no: 1436945 England

ਕੰਮ ਤੇ ਮੈਨੂੰ ਤੰਗ (ਹਰੈਸ) ਕੀਤਾ ਜਾਂਦਾ ਹੈ, ਕਿਉਂਕਿ ਮੇਰੇ ਨਾਲ ਕੰਮ ਕਰਨ ਵਾਲਿਆਂ ਨੂੰ ਲੱਗਦਾ ਹੈ ਕਿ ਮੈਂ ਗੇਅ (ਸਮਲਿੰਗ ਭੋਗੀ) ਹਾਂ। ਮੈਂ ਇਸ ਬਾਰੇ ਕੀ ਕਰ ਸਕਦਾ ਹਾਂ ? 10

Copyright © 2002-2007 Citizens Advice All rights reserved
Registered charity no: 279057 Company no: 1436945 England

## ਮੇਰੇ ਪਿਤਾ ਜੀ ਦਸ ਸਾਲਾਂ ਤੋਂ ਪਰਦੇਸ ਵਿਚ ਰਹਿ ਰਹੇ ਹਨ ਅਤੇ ਉਹਨਾਂ ਨੇ ਹੁਣੇ ਹੀ ਮੈਨੂੰ ਪੁੱਛਿਆ ਹੈ ਕਿ ਕੀ ਉਹ ਅਜੇ ਵੀ ਯੂ ਕੇ ਦੀਆਂ ਇਲੈਕਸ਼ਨਜ਼ ਵਿਚ ਵੋਟ ਦੇ ਸਕਦੇ ਹਨ ?

ਜੋ ਲੋਕ ਯੂ ਕੇ ਦੇ ਚੋਣ ਰਜਿਸਟਰ ਵਿੱਚ ਪਿਛਲੇ 15 ਸਾਲਾਂ ਤੋਂ ਦਰਜ ਹਨ, ਉਹ ਇੱਕ ਸਲਾਨਾ ਐਲਾਨ ਪੱਤਰ ਬਣਾ ਸਕਦੇ ਹਨ ਜਿਸ ਨਾਲ ਕਿ ਉਹ ਪਿਛਲੀ ਵਾਰ ਤੋਂ ਹੀ ਉਸ ਚੋਣ ਰਜਿਸਟਰ ਵਿੱਚ ਦਰਜ ਰਹਿ ਸਕਦੇ ਹਨ।

ਬਾਹਰਲੇ ਦੇਸ਼ਾਂ ਦੇ ਬ੍ਰਿਟਿਸ਼ ਕੌਨਸਲੇਟਸ ਪਾਸ ਫਾਰਮ ਹੁੰਦੇ ਹਨ, ਜੋ ਕਿ ਉਹਨਾਂ ਦੀ ਅਖੀਰਲੀ ਕੌਨਸਟੀਟੂਐਂਸੀ (ਸਵਿੰਧਾਨ ਦੇ ਚੋਣ ਰੈਜਿਸਟਰੇਸ਼ਨ ਦਫਤਰ) ਨੂੰ ਭਰ ਕੇ ਲਾਜ਼ਮੀ ਹੀ ਭੇਜੇ ਗਏ ਹੋਣੇ ਚਾਹੀਦੇ ਹਨ।

ਇੱਕ ਵਾਰੀ ਜਦੋਂ ਰੈਜਿਸਟਰ ਹੋ ਜਾਂਦੇ ਹੋ ਤਾਂ ਤੁਸੀਂ ਕਿਸੇ ਵੀ ਪਾਰਲੀਅਮੈਂਟਰੀ ਜਾਂ ਯੂਰੋਪੀਅਨ ਪਾਰਲੀਅਮੈਂਟ ਚੋਣਾਂ ਵਿਚ ਵੋਟ ਦੇ ਸਕਦੇ ਹੋ। ਤੁਸੀਂ ਸਥਾਨਕ ਸਰਕਾਰ ਦੀਆਂ ਚੋਣਾਂ ਵਿਚ ਜਾਂ ਇਹੋ ਜਿਹੀਆਂ ਡਿਵੌਲਵਡ ਅਸੈਂਬਲੀਜ਼ (ਪਹਿਲਾਂ ਤੋਂ ਚਲ ਰਹੀ ਵਿਧਾਨ ਸਭਾ), ਜਿਵੇਂ ਕਿ ਨੈਸ਼ਨਲ ਅਸੈਂਬਲੀ ਫ਼ੌਰ ਵੇਲਜ਼, ਦ ਸਕੌਟਿਸ਼ ਪਾਰਲੀਅਮੈਂਟ ਜਾਂ ਨੌਰਦਰਨ ਆਇਅਰਲੈਂਡ ਅਸੈਂਬਲੀ ਵਿਚ ਵੋਟ ਨਹੀਂ ਦੇ ਸਕਦੇ।

## ਮੇਰੇ ਮਾਤਾ ਜੀ ਹਸਪਤਾਲ ਵਿੱਚ ਹਨ, ਉਹ ਚੋਣਾਂ ਦੇ ਵਕਤ ਉੱਥੇ ਹੀ ਰਹਿਣਗੇ। ਉਹਨਾਂ ਨੇ ਮੈਨੂੰ ਪੁੱਛਿਆ ਹੈ ਕਿ ਕੀ ਮੈਂ ਉਹਨਾਂ ਲਈ ਪ੍ਰੌਕਸੀ ਵੋਟ ਦਾ ਇੰਤਜ਼ਾਮ ਕਰ ਸਕਦਾ ਹਾਂ ?

ਜੇ ਤੁਸੀਂ ਹਸਪਤਾਲ ਵਿੱਚ ਹੋ ਤਾਂ ਤੁਸੀਂ ਪ੍ਰੌਕਸੀ ਵੋਟ ਜਾਂ ਡਾਕ ਰਾਹੀਂ ਵੋਟ ਪਾ ਸਕਦੇ ਹੋ। ਕਿਸੇ ਵੀ ਤਰ੍ਹਾਂ, ਤੁਸੀਂ ਉਸ ਚੋਣ ਰੈਜਿਸਟਰੇਸ਼ਨ ਦਫਤਰ ਨੂੰ ਅਰਜ਼ੀ ਭੇਜੋ ਜਿਸ ਕੌਨਸਟੀਟੂਐਂਸੀ ਦੇ ਇਲੈਕਟੋਰਲ ਰੈਜਿਸਟਰ ਤੇ ਤੁਸੀਂ ਹੋ। ਇਹ ਅਰਜ਼ੀ ਚੋਣਾਂ ਹੋਣ ਤੋਂ ਕੰਮ ਦੇ ਛੇ ਦਿਨਾਂ ਤੱਕ ਤਾਂ ਜ਼ਰੂਰ ਹੀ ਪਹੁੰਚ ਜਾਣੀ ਚਾਹੀਦੀ ਹੈ।

Copyright © 2002-2007 Citizens Advice All rights reserved
Registered charity no: 279057 Company no: 1436945 England

## ਮੇਰੇ ਗੁਆਂਢੀ ਨੇ ਪੁਰਤਗਾਲ ਵਿੱਚ ਇੱਕ ਇਸਤਰੀ ਨਾਲ ਸੰਪਰਕ ਕੀਤਾ ਹੈ, ਜਿਸ ਨੂੰ ਕਿ ਉਹ ਛੁੱਟੀਆਂ ਵਿੱਚ ਮਿਲਿਆ ਸੀ ਅਤੇ ਉਹ ਯੂ ਕੇ ਵਿੱਚ ਇੱਕ ਓਅ ਪੇਅਰ (ਬੱਚੇ ਤੇ ਘਰ ਸੰਭਾਲਣ ਦੀ ਸਰਵਿਸ) ਬਣਕੇ ਆਉਣਾ ਚਾਹੁੰਦੀ ਹੈ। ਉਸ ਨੂੰ ਕਿਹਾ ਗਿਆ ਹੈ ਕਿ ਈ ਯੂ (ਯੂਰੋਪੀਅਨ ਯੂਨੀਅਨ) ਦੇ ਨਾਗਰਿਕਾਂ ਨੂੰ ਵੀਜ਼ੇ ਦੀ ਕੋਈ ਲੋੜ ਨਹੀਂ ਹੈ। ਕੀ ਪੁਰਤਗਾਲ ਈ ਯੂ (ਯੂਰੋਪੀਅਨ ਯੂਨੀਅਨ) ਵਿੱਚ ਸ਼ਾਮਲ ਹੁੰਦਾ ਹੈ ?

ਯੂਰੋਪੀਅਨ ਯੂਨੀਅਨ ਦੇ ਨਾਗਰਿਕ ਹੋਰ ਮੈਂਬਰ ਸਟੇਟਸ ਵਿੱਚ ਵੀਜ਼ੇ ਤੋਂ ਬਗੈਰ ਕੰਮ ਕਰ ਸਕਦੇ ਹਨ। ਪੁਰਤਗਾਲ ਈ ਯੂ (ਯੂਰੋਪੀਅਨ ਯੂਨੀਅਨ) ਦਾ ਮੈਂਬਰ ਹੈ, ਸੋ ਇੱਕ ਨੌਜਵਾਨ ਇਸਤਰੀ ਵੀਜ਼ੇ ਤੋਂ ਬਗੈਰ ਯੂ ਕੇ ਵਿਚ ਆ ਸਕਦੀ ਹੈ।

Copyright © 2002-2007 Citizens Advice All rights reserved
Registered charity no: 279057 Company no: 1436945 England

# ਮੇਰੀ ਸਥਾਨਕ ਕਾਉਂਸਲ ਨੇ ਮੇਰੇ ਹਾਉਜ਼ਿੰਗ ਬੈਨਿਫ਼ਿਟ ਕਲੇਮ ਨਾਲ ਕਿਸ ਤ੍ਰੀਕੇ ਨਾਲ ਨਿਪਟਿਆ ਹੈ ਮੈਂ ਇਸ ਬਾਰੇ ਕਿਸ ਤਰ੍ਹਾਂ ਸ਼ਿਕਾਇਤ ਕਰ ਸਕਦਾ ਹਾਂ? - ਸਿਰਫ਼ ਇੰਗਲੈਂਡ ਵਾਲਿਆਂ ਲਈ

**ਜੇ ਤੁਸੀਂ ਇਸ ਬਾਰੇ ਸ਼ਕਾਇਤ ਕਰਨਾ ਚਾਹੁੰਦੇ ਹੋ ਕਿ ਤੁਹਾਡੀ** ਸਥਾਨਕ ਕਾਉਂਸਲ ਨੇ ਤੁਹਾਡੇ ਹਾਉਜ਼ਿੰਗ ਬੈਨਿਫ਼ਿਟ ਕਲੇਮ ਨਾਲ ਕਿਸ ਤਰ੍ਹਾਂ ਨਾਲ ਨਿਪਟਿਆ ਹੈ ਤਾਂ ਤੁਹਾਨੂੰ ਆਪਣੀ ਕਾਉਂਸਲ ਦੀ ਸ਼ਿਕਾਇਤ ਕਰਨੇ ਵਾਲੀ ਕਾਰਵਾਈ ਦੇ ਮੁਤਾਬਿਕ ਸ਼ਿਕਾਇਤ ਕਰਨੀ ਚਾਹੀਦੀ ਹੈ। ਤੁਹਾਡੀ ਕਾਉਂਸਲ ਤੁਹਾਨੂੰ ਦਸੇਗੀ ਕਿ ਤੁਸੀਂ ਸ਼ਿਕਾਇਤ ਕਿਸ ਤਰ੍ਹਾਂ ਕਰ ਸਕਦੇ ਹੋ। ਉਹਨਾਂ ਨਾਲ ਸੰਪਰਕ ਕਰਨੇ ਦਾ ਵੇਰਵਾ ਤੁਹਾਨੂੰ ਡਾਇਰੈਕਟਗਵ ਵੈਬਸਾਈਟ ਦੇ ਇਸ ਪਤੇ ਤੋਂ ਮਿਲ ਸਕਦਾ ਹੈ: www.direct.gov.uk.
[http://local.direct.gov.uk/LDGRedirect/Start.do?mode=i]

ਜੇ ਤੁਸੀਂ ਆਪਣੀ ਸ਼ਿਕਾਇਤ ਤੋਂ ਨਿਕਲਣੇ ਵਾਲੇ ਨਤੀਜੇ ਨਾਲ ਖ਼ੁਸ਼ ਨਹੀਂ ਹੋ ਤਾਂ ਤੁਸੀਂ ਸਥਾਨਕ ਗੌਵਰਨਮੈਂਟ ਦੇ ਔਮਬੁਡਜ਼ਮੈਨ (ਸਰਕਾਰੀ ਲੋਕਪਾਲ) ਪਾਸ ਸ਼ਿਕਾਇਤ ਕਰ ਸਕਦੇ ਹੋ।

ਸਥਾਨਕ ਗੌਵਰਨਮੈਂਟ ਦਾ ਔਮਬੁਡਜ਼ਮੈਨ ਜ਼ਿਆਦਾ ਕਿਸਮ ਦੀਆਂ ਸ਼ਿਕਾਇਤਾਂ ਦੀ ਜਾਂਚ ਪੜਤਾਲ ਕਰ ਸਕਦਾ ਹੈ, ਜਿਸ ਵਿਚ ਹੇਠਾਂ ਲਿਖੀਆਂ ਸ਼ਿਕਾਇਤਾਂ ਬਾਰੇ ਵੀ ਸ਼ਾਮਿਲ ਹੈ:

- ਤੁਹਾਡੇ ਹਾਉਜ਼ਿੰਗ ਬੈਨਿਫ਼ਿਟ ਕਲੇਮ ਜਾਂ ਪੈਸਿਆਂ ਦੀਆਂ ਅਦਾਇਗੀਆਂ ਵਿਚ ਦੇਰੀ ਲਗਣੇ ਦੇ ਕਾਰਣ
- ਗਲਤ ਕਾਰਵਾਈ ਜਾਂ ਕੋਈ ਵੀ ਕਾਰਵਾਈ ਕਰਨੇ ਵਿਚ ਨਾਕਾਮਯਾਬੀ
- ਸਹੀ ਕਾਰਵਾਈ ਜਾਂ ਕਾਨੂੰਨ ਦੇ ਮੁਤਾਬਿਕ ਚੱਲਣੇ ਵਿਚ ਨਾਕਾਮਯਾਬੀ
- ਤੁਹਾਨੂੰ ਜਾਣਕਾਰੀ ਦੇਣ ਲਈ ਜਾਂ ਤੁਹਾਡੀ ਪੁੱਛ ਗਿੱਛ ਦਾ ਜਵਾਬ ਦੇਣੇ ਵਿਚ ਨਾਕਾਮਯਾਬੀ
- ਆਪਣੇ ਇਕਰਾਰਾਂ ਨੂੰ ਤੋੜਨਾ
- ਤੁਹਾਨੂੰ ਗਲਤ ਜਾਂ ਗੁਮਰਾਹ ਕਰਨੇ ਵਾਲੀ ਜਾਣਕਾਰੀ ਦੇਣੀ।

ਜੇ ਤੁਹਾਡੇ ਪਾਸ ਕਿਸੇ ਦੂਸਰੀ ਸਥਾਨਕ ਕਾਉਂਸਲ, ਜਿਵੇਂ ਕਿ ਸੋਸ਼ਅਲ ਸਰਵਿਸਿਜ਼, ਪਲੈਨਿੰਗ ਅਤੇ ਕਾਉਂਸਲ ਟੈਕਸ ਬਿੱਲਜ਼ ਬਾਰੇ ਕੋਈ ਸਮੱਸਿਆਵਾਂ ਹਨ ਤਾਂ ਤੁਸੀਂ ਸਥਾਨਕ ਗੌਵਰਨਮੈਂਟ ਦੇ ਔਮਬੁਡਜ਼ਮੈਨ ਪਾਸ ਸ਼ਿਕਾਇਤ ਕਰ ਸਕਦੇ ਹੋ।

Copyright © 2002-2007 Citizens Advice All rights reserved
Registered charity no: 279057 Company no: 1436945 England

# ਮੇਰੀ ਸਥਾਨਕ ਕਾਊਂਸਲ ਨੇ ਮੇਰੇ ਹਾਊਜ਼ਿੰਗ ਬੈਨਿਫ਼ਿਟ ਕਲੇਮ ਕਿਸ ਤ੍ਰੀਕੇ ਨਾਲ ਨਿਪਟਿਆ ਹੈ ਮੈਂ ਇਸ ਬਾਰੇ ਕਿਸ ਤਰ੍ਹਾਂ ਸ਼ਿਕਾਇਤ ਕਰ ਸਕਦਾ ਹਾਂ ? - ਸਿਰਫ਼ ਵੇਲਜ਼ ਵਾਲਿਆਂ ਲਈ

**ਜੇ ਤੁਸੀਂ ਇਸ ਬਾਰੇ ਸ਼ਕਾਇਤ ਕਰਨਾ ਚਾਹੁੰਦੇ ਹੋ ਕਿ ਤੁਹਾਡੀ** ਸਥਾਨਕ ਕਾਊਂਸਲ ਨੇ ਤੁਹਾਡੇ ਹਾਊਜ਼ਿੰਗ ਬੈਨਿਫ਼ਿਟ ਕਲੇਮ ਨਾਲ ਕਿਸ ਤਰ੍ਹਾਂ ਨਾਲ ਨਿਪਟਿਆ ਹੈ ਤਾਂ ਤੁਹਾਨੂੰ ਆਪਣੀ ਕਾਊਂਸਲ ਦੀ ਸ਼ਿਕਾਇਤ ਕਰਨੇ ਵਾਲੀ ਕਾਰਵਾਈ ਦੇ ਮੁਤਾਬਿਕ ਸ਼ਿਕਾਇਤ ਕਰਨੀ ਚਾਹੀਦੀ ਹੈ। ਤੁਹਾਡੀ ਕਾਊਂਸਲ ਤੁਹਾਨੂੰ ਦਸੇਗੀ ਕਿ ਤੁਸੀਂ ਸ਼ਿਕਾਇਤ ਕਿਸ ਤਰ੍ਹਾਂ ਕਰ ਸਕਦੇ ਹੋ। ਉਹਨਾਂ ਨਾਲ ਸੰਪਰਕ ਕਰਨੇ ਦਾ ਵੇਰਵਾ ਤੁਹਾਨੂੰ ਡਾਇਰੈਕਟਗਵ ਵੈਬਸਾਈਟ ਦੇ ਇਸ ਪਤੇ ਤੋਂ ਮਿਲ ਸਕਦਾ ਹੈ:
www.wales.gov.uk.
[http://wales.gov.uk/topics/localgovernment/localauthorities/?lang=en

ਜੇ ਤੁਸੀਂ ਆਪਣੀ ਸ਼ਿਕਾਇਤ ਤੋਂ ਨਿਕਲਣੇ ਵਾਲੇ ਨਤੀਜੇ ਨਾਲ ਖ਼ੁਸ਼ ਨਹੀਂ ਹੋ ਤਾਂ ਤੁਸੀਂ ਸਥਾਨਕ ਗੌਂਵਰਨਮੈਂਟ ਦੇ ਔਂਮਬੁਡਜ਼ਮੈਨ (ਸਰਕਾਰੀ ਲੋਕਪਾਲ) ਪਾਸ ਸ਼ਿਕਾਇਤ ਕਰ ਸਕਦੇ ਹੋ।

ਸਥਾਨਕ ਗੌਂਵਰਨਮੈਂਟ ਦਾ ਔਂਮਬੁਡਜ਼ਮੈਨ ਜ਼ਿਆਦਾ ਕਿਸਮ ਦੀਆਂ ਸ਼ਿਕਾਇਤਾਂ ਦੀ ਜਾਂਚ ਪੜਤਾਲ ਕਰ ਸਕਦਾ ਹੈ, ਜਿਸ ਵਿਚ ਹੇਠਾਂ ਲਿਖੀਆਂ ਸ਼ਿਕਾਇਤਾਂ ਬਾਰੇ ਵੀ ਸ਼ਾਮਿਲ ਹੈ:

- ਤੁਹਾਡੇ ਹਾਊਜ਼ਿੰਗ ਬੈਨਿਫ਼ਿਟ ਕਲੇਮ ਜਾਂ ਪੈਸਿਆਂ ਦੀਆਂ ਅਦਾਇਗੀਆਂ ਵਿਚ ਦੇਰੀ ਲਗਣੇ ਦੇ ਕਾਰਣ
- ਗਲਤ ਕਾਰਵਾਈ ਜਾਂ ਕੋਈ ਵੀ ਕਾਰਵਾਈ ਕਰਨੇ ਵਿਚ ਨਾਕਾਮਯਾਬੀ
- ਸਹੀ ਕਾਰਵਾਈ ਜਾਂ ਕਾਨੂੰਨ ਦੇ ਮੁਤਾਬਿਕ ਚੱਲਣੇ ਵਿਚ ਨਾਕਾਮਯਾਬੀ
- ਤੁਹਾਨੂੰ ਜਾਣਕਾਰੀ ਦੇਣ ਲਈ ਜਾਂ ਤੁਹਾਡੀ ਪੁੱਛ ਗਿੱਛ ਦਾ ਜਵਾਬ ਦੇਣੇ ਲਈ ਨਾਕਾਮਯਾਬੀ
- ਆਪਣੇ ਇਕਰਾਰਾਂ ਨੂੰ ਤੋੜਨਾ
- ਤੁਹਾਨੂੰ ਗਲਤ ਜਾਂ ਗੁਮਰਾਹ ਕਰਨੇ ਵਾਲੀ ਜਾਣਕਾਰੀ ਦੇਣੀ।

ਜੇ ਤੁਹਾਡੇ ਪਾਸ ਕਿਸੇ ਦੂਸਰੀ ਸਥਾਨਕ ਕਾਊਂਸਲ, ਜਿਵੇਂ ਕਿ ਸੋਸ਼ਅਲ ਸਰਵਿਸਿਜ਼, ਪਲੈਨਿੰਗ ਅਤੇ ਕਾਊਂਸਲ ਟੈਕਸ ਬਿੱਲਜ਼ ਬਾਰੇ ਕੋਈ ਸਮੱਸਿਆਵਾਂ ਹਨ ਤਾਂ ਤੁਸੀਂ ਸਥਾਨਕ ਗੌਂਵਰਨਮੈਂਟ ਦੇ ਔਂਮਬੁਡਜ਼ਮੈਨ ਪਾਸ ਸ਼ਿਕਾਇਤ ਕਰ ਸਕਦੇ ਹੋ।

Copyright © 2002-2007 Citizens Advice All rights reserved
Registered charity no: 279057 Company no: 1436945 England

## ਮੇਰੇ ਦਾਦੀ ਜੀ ਥੋੜੇ ਹੀ ਮਹੀਨਿਆਂ ਤੱਕ 100 ਸਾਲ ਦੇ ਹੋਣ ਵਾਲੇ ਹਨ ਅਤੇ ਮੈਂ ਨਿਸਚਿਤ ਕਰਨਾ ਚਾਹੁੰਦਾ ਹਾਂ ਕਿ ਉਹਨਾਂ ਨੂੰ ਕੁਈਨ (ਮਹਾਂਰਾਣੀ ਰਾਣੀ) ਵਲੋਂ ਇਸ ਬਾਰੇ ਸੁਨੇਹਾ ਜ਼ਰੂਰ ਮਿਲੇ। ਮੈਂ ਇਹ ਕਿਸ ਤਰ੍ਹਾਂ ਕਰ ਸਕਦਾ ਹਾਂ।

ਬਕਿੰਘਮ ਪੈਲੇਸ ਵਿੱਚ ਇੱਕ ਖਾਸ ਦਫਤਰ ਹੈ ਜੋ ਕਿ ਇਸ ਤਰ੍ਹਾਂ ਦੇ ਸੁਨੇਹਿਆਂ ਨਾਲ ਹੀ ਨਿਪਟਦਾ ਹੈ। ਤੁਸੀਂ ਆਪਣੇ ਲਈ ਜਾਂ ਕਿਸੇ ਹੋਰ ਵਾਸਤੇ ਇਸ ਲਈ ਅਰਜ਼ੀ ਦੇ ਸਕਦੇ ਹੋ। ਅਰਜ਼ੀ ਲਈ ਫਾਰਮ ਇਸ ਪਤੇ ਤੋਂ ਮਿਲ ਸਕਦੇ ਹਨ.–

**The Anniversaries  Office**
Buckingham Palace
London SW1A 1AA
ਟੈਲੀਫ਼ੋਨ: 020 7930 4832

## ਮੈਨੂੰ ਲੱਗਦਾ ਹੈ ਕਿ ਕੰਮ ਤੇ ਮੇਰੇ ਨਾਲ ਵਿਤਕਰਾ ਹੋ ਰਿਹਾ ਹੈ ਕਿਉਂਕਿ ਮੈਂ ਇੱਕ ਇਸਤਰੀ ਹਾਂ। ਮੈਂ ਇਸ ਬਾਰੇ ਕੀ ਕਰ ਸਕਦੀ ਹਾਂ ?

ਲਿੰਗ ਵਿਤਕਰੇ ਦੇ ਵਿਰੁਧ ਕਾਨੂੰਨ ਬਣੇ ਹੋਏ ਹਨ ਜੋ ਕਿ ਦੋਨੋਂ ਇਸਤਰੀਆਂ ਤੇ ਪੁਰਸ਼ਾਂ ਦੇ ਬਚਾਓ ਲਈ ਹਨ। ਵਿਤਕਰਾ ਕਿਸੇ ਵੀ ਪਾਸੇ ਤੋਂ ਆ ਸਕਦਾ ਹੈ। ਇਹ ਤੁਹਾਡੇ ਨਾਲ ਕੰਮ ਕਰਨ ਵਾਲਾ ਵਿਅਕਤੀ, ਵਿਭਾਗ ਦਾ ਸੁਪਰਵਾਈਜ਼ਰ, ਤੁਹਾਡਾ ਮੈਨੇਜਰ ਜਾਂ ਤੁਹਾਡਾ ਐਂਪਲੌਇਅਰ ਵੀ ਹੋ ਸਕਦਾ ਹੈ।

ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਨਾਲ ਆਦਮੀਆਂ ਨਾਲੋਂ ਘੱਟ ਦਰਜੇ ਦਾ ਵਰਤਾਓ ਕੀਤਾ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਤਾਂ ਆਪਣੇ ਕੰਮ ਵਾਲੇ ਸਾਥੀਆਂ ਨਾਲ ਗੱਲ ਬਾਤ ਕਰੋ ਕਿ ਕੀ ਉਨ੍ਹਾਂ ਨਾਲ ਵੀ ਇਸੇ ਤਰ੍ਹਾਂ ਦਾ ਵਰਤਾਓ ਹੋ ਰਿਹਾ ਹੈ ਜਾਂ ਫਿਰ ਕੀ ਉਨ੍ਹਾਂ ਨੇ ਤੁਹਾਡੇ ਨਾਲ ਇਹ ਘੱਟ ਦਰਜੇ ਦਾ ਵਰਤਾਓ ਹੁੰਦਾ ਮਲੂਮ ਕੀਤਾ ਹੈ। ਇਹ ਪਤਾ ਕਰੋ ਕਿ ਕੀ ਕੋਈ ਵਿਅਕਤੀ ਤੁਹਾਡੇ ਨਾਲ ਖੜਾ ਹੋਣ ਲਈ ਤਿਆਰ ਹੈ। ਜੇ ਹੋ ਸਕੇ ਤਾਂ ਤੁਹਾਡੇ ਨਾਲ ਵਿਤਕਰਾ ਕਰਨ ਵਾਲੇ ਵਿਅਕਤੀ ਨਾਲ ਤੁਸੀਂ ਖ਼ੁੱਦ ਆਪ ਗੱਲ ਕਰਕੇ ਦੇਖੋ ਅਤੇ ਉਨ੍ਹਾਂ ਨੂੰ ਕਹੋ ਕਿ ਉਹ ਇਹ ਵਿਤਕਰਾ ਬੰਦ ਕਰਨ ਜਾਂ ਉਨ੍ਹਾਂ ਨੂੰ ਇਹ ਧਮਕੀ ਦੇਵੋ ਕਿ ਤੁਸੀਂ ਆਪਣੀ ਸ਼ਿਕਾਇਤ ਰਸਮੀ ਤੌਰ ਤੇ ਕਰੋਗੇ।

ਜੇ ਫੇਰ ਵੀ ਗੱਲ ਠੀਕ ਨਾ ਹੋਵੇ ਤਾਂ ਜੇ ਤੁਸੀਂ ਯੂਨੀਅਨ ਦੇ ਮੈਂਬਰ ਹੋ ਤਾਂ ਯੂਨੀਅਨ ਨਾਲ ਗੱਲ ਬਾਤ ਕਰੋ ਅਤੇ ਜੇ ਜ਼ਰੂਰਤ ਹੋਵੇ ਤਾਂ ਆਪਣੇ ਐਮਪਲੌਇਅਰ ਪਾਸ ਹੀ ਲਿਖਤੀ ਰੂਪ ਵਿਚ ਗਰੀਵੀਐਂਸ ਜਾਂ ਗਿਲਾ ਪ੍ਰਗਟ ਕਰੋ। ਜੇ ਤੁਹਾਨੂੰ ਇਸ ਤਰ੍ਹਾਂ ਕਰਨੇ ਦੀ ਜ਼ਰੂਰਤ ਪਵੇ ਤਾਂ ਵਿਤਕਰੇ ਵਾਲੇ ਵਰਤਾਓ ਦੀਆਂ ਘਟਨਾਵਾਂ ਦੀਆਂ ਤਾਰੀਕਾਂ ਅਤੇ ਸਮੇਂ ਦਾ ਰਿਕੌਰਡ ਰੱਖੋ, ਜੋ ਤੁਹਾਡੇ ਲਈ ਮੱਦਦਗਾਰ ਹੋਵੇਗਾ, ਕਿਉਂਕਿ ਇਹ ਵੇਰਵਾ ਜਿੰਨਾ ਵੀ ਵਿਸਥਾਰ ਨਾਲ ਅਤੇ ਸਹੀ ਹੋ ਸਕਦਾ ਹੈ, ਹੋਣਾ ਚਾਹੀਦਾ ਹੈ। ਇਸ ਸ਼ਿਕਾਇਤ ਉੱਤੇ ਦਸਤਖ਼ਤ ਕਰਕੇ ਤਾਰੀਕ ਲਿਖੋ ਅਤੇ ਇਸ ਦੀ ਇੱਕ ਕੌਪੀ ਆਪਣੇ ਪਾਸ ਰੱਖੋ। ਹੋ

Copyright © 2002-2007 Citizens Advice All rights reserved
Registered charity no: 279057 Company no: 1436945 England

ਸਕਦਾ ਹੈ ਕਿ ਜਿਹੜੇ ਬੰਦੇ ਵਿਰੁਧ ਤੁਸੀ ਸ਼ਕਾਇਤ ਕੀਤੀ ਹੈ ਉਸ ਵਲੋਂ ਤੁਹਾਨੂੰ ਸਖਤ ਵਿਰੋਧਤਾ ਨਾਲ ਮੁੱਕਰਨੇ ਦਾ ਸਾਹਮਣਾ ਕਰਨਾ ਪਵੇ ਅਤੇ ਤੁਹਾਨੂੰ ਸਾਬਤ ਕਰਨਾ ਪਵੇ ਕਿ ਤੁਹਾਡੇ ਵਲੋਂ ਸੈਕਸ਼ੁਅਲ ਡਿਸਕ੍ਰਿਮੀਨੇਸ਼ਨ (ਜਿਨਸੀ ਵਿਤਕਰੇ) ਦੀਆਂ ਕੀਤੀਆਂ ਗਈਆਂ ਸ਼ਿਕਾਇਤਾਂ ਗੰਭੀਰ ਹਨ।

ਜੇ ਤੁਹਾਨੂੰ ਤੁਹਾਡੀਆਂ ਪਹਿਲੀਆਂ ਕਾਰਵਾਈਆਂ ਤੋਂ ਕੋਈ ਤਸੱਲੀ ਨਹੀਂ ਮਿਲੀ ਤਾਂ ਅਖੀਰੀ ਮੰਜ਼ਲ ਤੇ ਤੁਹਾਨੂੰ ਲਿੰਗ ਦੇ ਖ਼ਿਲਾਫ਼ ਵਿਤਕਰੇ ਲਈ ਐਂਮਪਲੌਇਮੈਂਟ ਟਰਾਇਬਿਊਨਲ ਪਾਸੋਂ ਕਲੇਮ ਕਰਨਾ ਪਵੇਗਾ। ਹੋ ਸਕਦਾ ਹੈ ਕਿ ਸਭ ਤੋਂ ਪਹਿਲਾਂ ਤੁਹਾਨੂੰ ਆਪਣੇ ਐਮਪਲੌਇਅਰ ਪਾਸ ਲਿਖਤੀ ਰੂਪ ਵਿਚ ਗਿਲਾ ਪੇਸ਼ ਕਰਨਾ ਪਵੇਗਾ। ਇਸ ਵਿਚ **ਵਕਤ ਦੀਆਂ ਕਾਫ਼ੀ ਗੰਭੀਰ ਪਾਬੰਧੀਆਂ** ਸ਼ਾਮਿਲ ਹੁੰਦੀਆਂ ਹਨ, ਇਸ ਲਈ ਜਲਦੀ ਹੀ ਸਲਾਹ ਮਸ਼ਵਰਾ ਲਵੋ।

ਜੇ ਤੁਹਾਨੂੰ ਲਗਦਾ ਹੈ ਤੁਹਾਡੇ ਲਿੰਗ ਦੇ ਕਾਰਨ ਤੁਹਾਡੇ ਖ਼ਿਲਾਫ਼ ਵਿਤਕਰਾ ਕੀਤੀ ਜਾ ਰਿਹਾ ਹੈ ਤਾਂ ਇਕੁਐਲਿਟੀ ਐਂਡ ਹਿਊਮਨ ਰਾਈਟਸ ਕਮਿਸ਼ਨ ਨਾਲ ਇਸ ਪਤੇ ਤੇ ਸੰਪਰਕ ਕਰੋ:
www.equalityhumanrights.com

## ਮੈਂ ਇੱਕ ਵ੍ਹੀਲਚੇਅਰ (ਪਹੀਆਂ ਵਾਲੀ ਕੁਰਸੀ) ਵਰਤਣ ਵਾਲਾ ਵਿਅਕਤੀ ਹਾਂ ਅਤੇ ਮੇਰੀ ਸਥਾਨਕ ਲਾਇਬ੍ਰੇਰੀ ਮੈਨੂੰ ਸ਼ੈਲਫ਼ਾਂ ਤੋਂ ਕਿਤਾਬਾਂ ਲੈਣ ਲਈ ਬਿਲਕੁਲ ਮੱਦਦ ਨਹੀਂ ਕਰਦੀ। ਕੀ ਮੈਂ ਇਸ ਬਾਰੇ ਕੁਝ ਕਰ ਸਕਦਾ ਹਾਂ ? (EWSNI)

ਸੇਵਾਵਾਂ ਦੇਣ ਵਾਲਿਆਂ ਲਈ ਇਹ ਕਾਨੂੰਨ ਦੇ ਵਿਰੁਧ ਹੈ ਜੇ ਉਹ ਅਪਾਹਜ ਲੋਕਾਂ ਨੂੰ ਪੂਰੀਆਂ ਸੇਵਾਵਾਂ ਨਹੀਂ ਦੇ ਰਹੇ। ਇਸ ਵਿੱਚ ਲੋਕਾਂ ਨੂੰ ਕਿਤਾਬਾਂ ਨਾ ਲੈਣ ਦੇਣ ਦੀ ਪਹੁੰਚ ਵੀ ਸ਼ਾਮਿਲ ਹੈ। ਜੇ ਤੁਹਾਨੂੰ ਲਗਦਾ ਹੈ ਕਿ ਕਿਸੇ ਵੀ ਅਯੋਗਤਾ ਦੇ ਕਾਰਨ ਤੁਹਾਡੇ ਨਾਲ ਵਿਤਕਰਾ ਕੀਤਾ ਗਿਆ ਹੈ ਤਾਂ ਇਕੁਐਲਿਟੀ ਐਂਡ ਹਿਊਮਨ ਰਾਈਟਸ ਕਮਿਸ਼ਨ ਨਾਲ ਇਸ ਪਤੇ ਤੇ ਸੰਪਰਕ ਕਰੋ:
www.equalityhumanrights.com

Copyright © 2002-2007 Citizens Advice All rights reserved
Registered charity no: 279057 Company no: 1436945 England

## ਮੈਨੂੰ ਲੱਗਦਾ ਹੈ ਕਿ ਕੰਮ ਤੇ ਮੇਰੇ ਵਿਰੁੱਧ ਨਸਲੀ ਵਿਤਕਰਾ ਹੋ ਰਿਹਾ ਹੈ। ਮੈਂ ਇਸ ਬਾਰੇ ਕੀ ਕਰ ਸਕਦਾ ਹਾਂ?

ਨਸਲੀ ਬੁਨਿਆਦ ਤੇ ਕੀਤੇ ਗਏ ਵਿਤਕਰੇ ਦੇ ਵਿਰੁੱਧ ਕਈ ਤਰ੍ਹਾਂ ਦੇ ਕਾਨੂੰਨ ਬਣੇ ਹੋਏ ਹਨ। ਨਸਲੀ ਵਿਤਕਰੇ ਵਿਚ ਨਸਲ, ਰੰਗ, ਸ਼੍ਰੇਣੀ, ਨਾਗਰਿਕਤਾ ਅਤੇ ਜਾਤੀ ਪਿਛੋਕੜ ਸ਼ਾਮਿਲ ਹੁੰਦੀ ਹੋਵੇ। ਵਿਤਕਰਾ ਕਿਸੇ ਵੀ ਪਾਸੇ ਤੋਂ ਆ ਸਕਦਾ ਹੈ। ਹੋ ਸਕਦਾ ਹੈ ਕਿ ਇਹ ਨਾਲ ਕੰਮ ਕਰਨ ਵਾਲਾ, ਵਿਭਾਗ ਦਾ ਸੁਪਰਵਾਈਜ਼ਰ, ਤੁਹਾਡਾ ਮੈਨੇਜਰ ਜਾਂ ਤੁਹਾਡਾ ਐਂਪਲੌਇਅਰ ਹੋਵੇ। ਇਹ ਵਿਤਕਰਾ ਜ਼ਰੂਰੀ ਨਹੀਂ ਕਿ ਦਰਸਾਇਆ ਜਾਵੇ ਕਿ ਉਹ ਜਾਣ ਬੁੱਝ ਕੇ ਹੋ ਰਿਹਾ ਹੈ – ਸਚਾਈ ਇਹ ਕਿ ਕਾਰਵਾਈ ਕਰਨ ਲਈ ਇਸ ਵਿਤਕਰੇ ਦਾ ਹੋਣਾ ਹੀ ਕਾਫ਼ੀ ਹੈ, ਤੁਸੀਂ ਇਸ ਲਈ ਕੁਝ ਉਪਾਓ ਕਰੋ।

ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡਾ ਐਂਪਲੌਇਅਰ ਤੁਹਾਡੇ ਨਾਲ ਠੀਕ ਵਰਤਾਓ ਨਹੀਂ ਕਰ ਰਿਹਾ, ਤਾਂ ਇਸ ਲਈ ਤੁਸੀਂ ਕਈ ਕਦਮ ਚੁੱਕ ਸਕਦੇ ਹੋ। ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਰੰਗ, ਸ਼੍ਰੇਣੀ, ਨਾਗਰਿਕਤਾ ਅਤੇ ਨਸਲੀ ਪਿਛੋਕੜ ਕਾਰਨ ਤੁਹਾਡੇ ਨਾਲ ਦੂਜਿਆਂ ਨਾਲੋਂ ਘੱਟ ਦਰਜੇ ਦਾ ਵਰਤਾਓ ਹੋ ਰਿਹਾ ਹੈ ਤਾਂ ਸਭ ਤੋਂ ਪਹਿਲਾਂ ਤਾਂ ਆਪਣੇ ਕੰਮ ਵਾਲੇ ਸਾਥੀਆਂ ਨਾਲ ਗੱਲ ਬਾਤ ਕਰੋ ਕਿ ਕੀ ਉਨ੍ਹਾਂ ਨਾਲ ਵੀ ਇਸੇ ਤਰ੍ਹਾਂ ਦਾ ਵਰਤਾਓ ਹੋ ਰਿਹਾ ਹੈ। ਤੁਹਾਨੂੰ ਇਹ ਵੀ ਪਤਾ ਕਰਨਾ ਚਾਹੀਦਾ ਹੈ ਕਿ ਕੀ ਉਨ੍ਹਾਂ ਵਿਚੋਂ ਕਿਸੇ ਨੇ ਤੁਹਾਡੇ ਨਾਲ ਇਹ ਘੱਟ ਦਰਜੇ ਦਾ ਵਰਤਾਓ ਹੁੰਦਾ ਮਹਿਸੂਸ ਕੀਤਾ ਹੈ। ਇਹ ਵੀ ਪਤਾ ਕਰੋ ਕਿ ਕੀ ਕੋਈ ਵਿਅਕਤੀ ਤੁਹਾਡੇ ਨਾਲ ਖੜਾ ਹੋਣ ਲਈ ਤਿਆਰ ਹੈ। ਜੇ ਹੋ ਸਕੇ, ਤਾਂ ਤੁਸੀਂ ਆਪ ਹੀ ਇਸ ਵਿਤਕਰੇ ਕਰਨ ਵਾਲੇ ਨਾਲ ਖ਼ੁੱਦ ਆਪ ਗੱਲ ਕਰਕੇ ਦੇਖੋ ਅਤੇ ਉਨ੍ਹਾਂ ਨੂੰ ਕਹੋ ਕਿ ਉਹ ਇਹ ਵਿਤਕਰਾ ਬੰਦ ਕਰਨ ਜਾਂ ਉਨ੍ਹਾਂ ਨੂੰ ਇਹ ਵਾਰਨਿੰਗ, ਧਮਕੀ ਦੇਵੋ ਕਿ ਤੁਸੀਂ ਆਪਣੀ ਸ਼ਿਕਾਇਤ ਦਫਤਰ ਤੱਕ ਪਹੁੰਚਾਉਗੇ।

ਜੇ ਫੇਰ ਵੀ ਗੱਲ ਠੀਕ ਨਾ ਹੋਵੇ ਤਾਂ ਜੇ ਤੁਸੀਂ ਯੂਨੀਅਨ ਦੇ ਮੈਂਬਰ ਹੋ ਤਾਂ ਯੂਨੀਅਨ ਨਾਲ ਗੱਲ ਬਾਤ ਕਰੋ ਅਤੇ ਜੇ ਜ਼ਰੂਰਤ ਹੋਵੇ ਤਾਂ ਆਪਣੇ ਐਮਪਲੌਇਅਰ ਪਾਸ ਹੀ ਲਿਖਤੀ ਰੂਪ ਵਿਚ ਗਰੀਵੀਐਂਸ ਜਾਂ ਗਿਲਾ ਪ੍ਰਗਟ ਕਰੋ। ਜੇ ਤੁਹਾਨੂੰ ਇਸ ਤਰ੍ਹਾਂ ਕਰਨੇ ਦੀ ਜ਼ਰੂਰਤ ਪਵੇ ਤਾਂ ਵਿਤਕਰੇ ਵਾਲੇ ਵਰਤਾਓ ਦੀਆਂ ਘਟਨਾਵਾਂ ਦੀਆਂ ਤਾਰੀਕਾਂ ਅਤੇ ਸਮੇਂ ਦਾ ਰਿਕੌਰਡ ਰੱਖੋ, ਜੋ ਤੁਹਾਡੇ ਲਈ ਮੱਦਦਗਾਰ ਹੋਵੇਗਾ, ਕਿਉਂਕਿ ਇਹ ਵੇਰਵਾ ਜਿੰਨਾ ਵੀ ਵਿਸਥਾਰ ਨਾਲ ਅਤੇ ਸਹੀ ਹੋ ਸਕਦਾ ਹੈ, ਹੋਣਾ ਚਾਹੀਦਾ ਹੈ। ਇਸ ਸ਼ਿਕਾਇਤ ਉੱਤੇ ਦਸਤਖ਼ਤ ਕਰਕੇ ਤਾਰੀਕ ਲਿਖੋ ਅਤੇ ਇਸ ਦੀ ਇੱਕ ਕੌਪੀ ਆਪਣੇ ਪਾਸ ਰੱਖੋ। ਹੋ ਸਕਦਾ ਹੈ ਕਿ ਜਿਹੜੇ ਬੰਦੇ ਵਿਰੁਧ ਤੁਸੀ ਸ਼ਕਾਇਤ ਕੀਤੀ ਹੈ ਉਸ ਵਲੋਂ ਤੁਹਾਨੂੰ ਸਖਤ ਵਿਰੋਧਤਾ ਨਾਲ ਮੁੱਕਰਨੇ ਦਾ ਸਾਹਮਣਾ ਕਰਨਾ ਪਵੇ ਅਤੇ ਤੁਹਾਨੂੰ ਸਾਬਤ ਕਰਨਾ ਪਵੇ ਕਿ ਤੁਹਾਡੇ ਵਲੋਂ ਸੈਕਸ਼ੂਅਲ ਡਿਸਕ੍ਰਿਮੀਨੇਸ਼ਨ (ਜਿਨਸੀ ਵਿਤਕਰੇ) ਦੀਆਂ ਕੀਤੀਆਂ ਗਈਆਂ ਸ਼ਿਕਾਇਤਾਂ ਗੰਭੀਰ ਹਨ।

ਜੇ ਤੁਹਾਨੂੰ ਤੁਹਾਡੀਆਂ ਪਹਿਲੀਆਂ ਕਾਰਵਾਈਆਂ ਤੋਂ ਕੋਈ ਤਸੱਲੀ ਨਹੀਂ ਮਿਲੀ ਤਾਂ ਅਖੀਰੀ ਮੰਜ਼ਲ ਤੇ ਤੁਹਾਨੂੰ ਇਹ ਕੇਸ ਐਂਮਪਲੌਇਮੈਂਟ ਟਰਾਇਬਿਊਨਲ ਕੋਲ ਲਿਜਾਣਾ ਪਵੇਗਾ। ਕਾਰਵਾਈ ਨੂੰ ਅਗੇ

Copyright © 2002-2007 Citizens Advice All rights reserved
Registered charity no: 279057 Company no: 1436945 England

ਲਿਜਾਣ ਲਈ ਤੁਹਾਨੂੰ ਸਲਾਹ ਮਸ਼ਵਰੇ ਅਤੇ ਮੱਦਦ ਦੀ ਜ਼ਰੂਰਤ ਹੋਵੇਗੀ, ਜਿਵੇਂ ਕਿ ਕਮਿਸ਼ਨ ਫ਼ੌਰ ਰੇਸ਼ਿਅਲ ਇਕੁਔਲਿਟੀ ਵਰਗੀ ਸੰਸਥਾ ਤੋਂ ਜਾਂ ਕਿਸੇ ਟ੍ਰੇਡ ਯੂਨੀਅਨ ਤੋਂ। ਹੋ ਸਕਦਾ ਹੈ ਕਿ ਸਭ ਤੋਂ ਪਹਿਲਾਂ ਤੁਹਾਨੂੰ ਆਪਣੇ ਐਮਪਲੌਇਅਰ ਪਾਸ ਲਿਖਤੀ ਰੂਪ ਵਿਚ ਗਿਲਾ ਪੇਸ਼ ਕਰਨਾ ਪਵੇਗਾ। ਇਸ ਵਿਚ **ਵਕਤ ਦੀਆਂ ਕਾਫ਼ੀ ਗੰਭੀਰ ਪਾਬੰਧੀਆਂ** ਸ਼ਾਮਿਲ ਹੁੰਦੀਆਂ ਹਨ, ਇਸ ਲਈ ਜਲਦੀ ਹੀ ਸਲਾਹ ਮਸ਼ਵਰਾ ਲਵੋ।

## ਮੈਨੂੰ ਲੱਗਦਾ ਹੈ ਕਿ ਕੰਮ ਉੱਤੇ ਮੇਰੇ ਧਰਮ ਦੇ ਕਾਰਨ ਮੇਰੇ ਵਿਰੁੱਧ ਵਿਤਕਰਾ ਹੋ ਰਿਹਾ ਹੈ। ਕੀ ਇਹ ਕਾਨੂੰਨੀ ਹੈ ?

ਮੈਂ ਇੱਕ ਜੁਇਸ਼ (ਯਹੂਦੀ) ਹਾਂ ਅਤੇ ਸਰਦੀਆਂ ਵਿਚ ਮੈਨੂੰ ਸ਼ੁਕਰਵਾਰ ਦੁਪਹਿਰ ਨੂੰ ਕੰਮ ਤੋਂ ਛੁੱਟੀ ਕਰਨੀ ਪੈਂਦੀ ਹੈ ਤਾਂ ਕਿ ਮੈਂ ਹਨੇਰਾ ਹੋਣ ਤੋਂ ਪਹਿਲਾਂ ਘਰ ਪਹੁੰਤ ਸਕਾਂ ਅਤੇ ਸੈਬਾਥ ਲਈ ਤਿਆਰੀ ਕਰ ਸਕਾਂ। ਇਸ ਵੇਲੇ ਤਾਂ ਮੇਰਾ ਬੌਸ ਮੈਨੂੰ ਇਹ ਸਭ ਕੁਝ ਖੁਸ਼ੀ ਨਾਲ ਕਰ ਲੈਣ ਦੇ ਰਿਹਾ ਹੈ ਤਾਂ ਜੋ ਮੈਂ ਉਹ ਘੰਟੇ ਬਾਕੀ ਹਫਤੇ ਦੇ ਦਿਨਾਂ ਵਿਚ ਪੂਰਾ ਕਰ ਸਕਾਂ। ਪਰ ਉਹ ਇੱਕ ਨਵੀਂ ਸ਼ਿਫਟ ਦਾ ਢਾਂਚਾ ਸ਼ੁਰੂ ਕਰਨ ਦਾ ਸੋਚ ਰਿਹਾ ਹੈ, ਜਿਸ ਦਾ ਮਤਲਬ ਹੈ ਕਿ ਅਗੇ ਤੋਂ ਮੈਂ ਇਸ ਤਰ੍ਹਾਂ ਨਹੀਂ ਕਰ ਸਕਾਂਗਾ। ਕੀ ਉਹ ਇਸ ਤਰ੍ਹਾਂ ਕਰ ਸਕਦਾ ਹੈ ?

ਹੁਣ ਕਿਸੇ ਵੀ ਕਾਮੇ (ਵਰਕਰ) ਨਾਲ ਉਸ ਦੇ ਧਰਮ ਦੇ ਕਾਰਨ ਵਿਤਕਰਾ ਕਰਨਾ ਗੈਰਕਾਨੂੰਨੀ ਹੈ। ਇਸ ਲਈ, ਜੇ ਤੁਹਾਡਾ ਐਂਪਲੌਇਅਰ ਨਵੀਂ ਸ਼ਿਫਟ ਦਾ ਢਾਂਚਾ ਸ਼ੁਰੂ ਕਰਨ ਦਾ ਸੋਚ ਰਿਹਾ ਹੈ, ਜੋ ਤੁਹਾਡੇ ਧਰਮ ਦੇ ਕਾਰਨ ਤੁਹਾਡੇ ਲਈ ਮੁਸ਼ਕਿਲ ਹੋਵੇਗਾ, ਤਾਂ ਹੋ ਸਕਦਾ ਹੈ ਕਿ ਤੁਸੀਂ ਤੁਹਾਡੇ ਧਰਮ ਕਰਕੇ ਇਨਡਾਇਰੈਕਟ (ਸਿਧਾ ਨਹੀਂ) ਵਿਤਕਰੇ ਦਾ ਸ਼ਿਕਾਰ ਬਣ ਗਏ ਹੋ। ਤੁਹਾਡੇ ਐਂਪਲੌਇਅਰ ਨੂੰ ਦਸਣਾ ਪਵੇਗਾ ਕਿ ਤੁਹਾਡਾ ਸ਼ੁਕਰਵਾਰ ਦੁਪਹਿਰ ਨੂੰ ਕੰਮ ਕਰਨਾ ਕਿਉਂ ਬਹੁਤ ਜ਼ਰੂਰੀ ਹੈ। ਜੇ ਇਸ ਅਦਲਾ -ਬਦਲੀ ਦਾ ਉਹ ਕੋਈ ਵਾਜਬ ਕਾਰਨ ਨਾ ਦੇ ਸਕਿਆ ਤਾਂ ਉਸਦਾ ਤੁਹਾਡੀ ਤਰਫ਼ ਇਹ ਵਰਤਾਓ ਤੁਹਾਡੇ ਧਰਮ ਦੇ ਕਾਰਨ ਵਿਤਕਰੇ ਵਾਲਾ ਹੋਵੇਗਾ।

Copyright © 2002-2007 Citizens Advice All rights reserved
Registered charity no: 279057 Company no: 1436945 England

## ਕੰਮ ਤੇ ਮੈਨੂੰ ਤੰਗ (ਹਰੈਸ) ਕੀਤਾ ਜਾਂਦਾ ਹੈ ਕਿਉਂਕਿ ਮੇਰੇ ਨਾਲ ਕੰਮ ਕਰਨ ਵਾਲਿਆਂ ਨੂੰ ਲੱਗਦਾ ਹੈ ਕਿ ਮੈਂ ਗੇਅ (ਸਮਲਿੰਗ ਭੋਗੀ) ਹਾਂ। ਮੈਂ ਇਸ ਬਾਰੇ ਕੀ ਕਰ ਸਕਦਾ ਹਾਂ?

ਕੰਮ ਤੇ ਮੇਰੇ ਸਾਥੀ ਮੈਨੂੰ ਕਈ ਤਰ੍ਹਾਂ ਦੇ ਨਾਵਾਂ ਨਾਲ ਬੁਲਾਉਂਦੇ ਹਨ ਕਿਉਂਕਿ ਉਹ ਸਮਝਦੇ ਹਨ ਕਿ ਮੈਂ ਗੇਅ (ਸਮਲਿੰਗ ਭੋਗੀ) ਹਾਂ। ਮੈਂ ਆਪਣੇ ਬੌਸ ਨਾਲ ਵੀ ਗਲ ਬਾਤ ਕੀਤੀ ਸੀ, ਪਰ ਉਸ ਨੇ ਇਸ ਬਾਰੇ ਕੁਝ ਵੀ ਨਹੀਂ ਕੀਤਾ ਅਤੇ ਕਹਿੰਦਾ ਕਿ ਇਹ ਸਿਰਫ ਇਕ ਹਾਸਾ ਮਖੌਲ ਹੀ ਹੈ ਅਤੇ ਮੈਨੂੰ ਇਸਨੂੰ ਬਹੁਤ ਗੰਭੀਰਤਾ ਨਾਲ ਨਹੀਂ ਲੈਣਾ ਚਾਹੀਦਾ। ਮੈਂ ਕੀ ਕਰ ਸਕਦਾ ਹਾਂ?

ਕੰਮ ਤੇ ਇਸ ਤਰ੍ਹਾਂ ਦਾ ਕੋਈ ਵੀ ਵਰਤਾਉ ਜੋ ਕਿਸੇ ਵਿਅਕਤੀ ਨੂੰ ਪਰੇਸ਼ਾਨ ਕਰਦਾ ਹੈ, ਹਰੈਸਮੈਂਟ (ਤੰਗ ਕਰਨਾ) ਵਿਚ ਗਿਣਿਆ ਜਾ ਸਕਦਾ ਹੈ। ਐਂਪਲੌਇਅਰਜ਼ ਉਨ੍ਹਾਂ ਦੇ ਸਟਾਫ ਦੇ ਵਤੀਰੇ ਦੇ ਖੁਦ ਜ਼ਿੰਮੇਵਾਰ ਹਨ ਅਤੇ ਸਟਾਫ ਖੁੱਦ ਆਪ ਵੀ ਇਸ ਦੇ ਜ਼ਿੰਮੇਵਾਰ ਹਨ ਕਿ ਉਹ ਸਾਥੀ ਕਾਮਿਆਂ ਨਾਲ ਸਹੀ ਵਰਤਾਉ ਕਰਨ। ਜੇ ਤੁਹਾਨੂੰ ਤੰਗ ਕੀਤਾ ਜਾਂਦਾ ਹੈ ਤਾਂ ਤੁਹਾਡਾ ਐਂਪਲੌਇਅਰ ਇਸ ਦਾ ਜ਼ਿੰਮੇਵਾਰ ਹੋ ਸਕਦਾ ਹੈ, ਜਾਂ ਫਿਰ ਉਹ ਇਹ ਸਾਬਤ ਕਰ ਸੱਕਣ ਕਿ ਉਨ੍ਹਾਂ ਨੇ ਇਹ ਸਭ ਕੁਝ ਹਟਾਉਣ ਲਈ ਸਭ ਮੁਮਕਿਨ ਕਦਮ ਉਠਾਏ ਸਨ। ਕਿਸੇ ਵੀ ਤਰ੍ਹਾਂ ਦਾ ਵਿਤਕਰਾ ਕਰਨਾ ਜਾਂ ਕਾਮਿਆਂ ਨੂੰ ਉਹਨਾਂ ਦੇ ਸੈਕਸ਼ੁਅਲ ਔਰੀਐਂਟੇਸ਼ਨ (ਜਿਨਸੀ ਝੁਕਾਓ) ਦੇ ਵਿਰੁੱਧ ਤੰਗ ਕਰਨਾ ਗੈਰਕਾਨੂੰਨੀ ਹੈ, ਭਾਵੇ ਇਹ ਸਹੀ ਹੋਵੇ ਜਾਂ ਗਲਤ।

ਜਦ ਕਿ ਤੁਹਾਡਾ ਬੌਸ ਤੁਹਾਡੀ ਇਹ ਗੰਭੀਰ ਚਿੰਤਾ ਸਮਝਣ ਤੋਂ ਇਨਕਾਰ ਕਰ ਰਿਹਾ ਹੈ, ਤੁਸੀਂ ਸ਼ਾਇਦ ਆਪਣੀ ਸ਼ਿਕਾਇਤ ਜਾਂ ਗਿਲਾ ਉਸ ਪਾਸ ਹੀ ਕਰਨਾ ਚਾਹੋ। ਇਹ ਲਿਖਤੀ ਰੂਪ ਵਿਚ ਹੋਣਾ ਚਾਹੀਦਾ ਹੈ ਅਤੇ ਇਸ ਉੱਤੇ ਦਸਤਖ਼ਤ ਕੀਤੇ ਹੋਣੇ ਚਾਹੀਦੇ ਹਨ ਅਤੇ ਤਾਰੀਕ ਲਿਖੀ ਹੋਣੀ ਚਾਹੀਦੀ ਹੈ। ਜੇ ਤੁਸੀਂ ਐਮਪਲੌਇਮੈਂਟ ਟ੍ਰਾਈਬਿਊਨਲ ਰਾਹੀਂ ਦਾਅਵਾ ਕਰਨ ਦਾ ਫ਼ੈਸਲਾ ਕਰਦੇ ਹੋ ਤਾਂ ਇਸ ਤਰ੍ਹਾਂ ਕਰਨ ਤੋਂ ਪਹਿਲਾਂ ਤੁਹਾਨੂੰ ਇਹ ਸ਼ਿਕਾਇਤ ਲਿਖਤੀ ਰੂਪ ਵਿਚ ਕਰਨੀ ਲਾਜ਼ਮੀ ਹੈ।

Copyright © 2002-2007 Citizens Advice All rights reserved
Registered charity no: 279057 Company no: 1436945 England